# ਸਟਾਲਿਨ

G.670

SARDAR DYAL SINGH
LAHORE
LIBRARY.

ਖੁਸ਼ਵੰਤ ਸਿੰਘ

ਸਭ ਹਕ ਰਾਖਵੇਂ ਹਨ

ਜ. ਕ
ਸ 401 ਖ਼
28237

ਅਕਤੂਬਰ
੧੯੪੨

Printed and Published by S. Harkishan Singh B. A., LL. B.
at The Asha Art Press., 26, Mcleod Road, Lahore.

# ਮੁਖ-ਸ਼ਬਦ

ਬਾਲਸ਼ਵਿਜ਼ਮ ਦੋ ਵੱਡੀਆਂ ਸੱਚਾਈਆਂ ਸਾਡੇ ਸਾਹਮਣੇ ਰਖਦਾ ਹੈ—ਦੁਨੀਆਂ ਵਿਚ ਗ਼ਰੀਬਾਂ ਨਾਲ ਬੜੀ ਬੇ-ਇਨਸਾਫ਼ੀ ਹੋ ਰਹੀ ਹੈ, ਗਿਣਤੀ ਦੇ ਅਮੀਰਾਂ ਦੀ ਖ਼ੁਸ਼ੀ ਲਈ ਲਖਾਂ ਗ਼ਰੀਬ ਦਿਨ ਰਾਤ ਆਪਣਾ ਲਹੂ-ਪਸੀਨਾ ਇਕ ਕਰ ਰਹੇ ਹਨ; ਅਤੇ ਇਸ ਅਵਸਥਾ ਨੂੰ ਤਲਵਾਰ ਦੇ ਜ਼ੋਰ ਨਾਲ ਹੀ ਬਦਲਿਆ ਜਾ ਸਕਦਾ ਹੈ। ਸਟਾਲਿਨ ਨੇ ਇਹ ਦੋਵੇਂ ਗਲਾਂ ਬਚਪਨ ਤੋਂ ਹੀ ਚੰਗੀ ਤਰ੍ਹਾਂ ਦਰਿੜ੍ਹ ਕਰ ਲਈਆਂ ਸਨ।

ਉਸਨੇ ਕਈ ਵਾਰ ਆਪਣੇ ਪਿਤਾ ਦੀ ਦੁਕਾਨ ਤੇ ਅਮੀਰਾਂ ਤੇ ਗ਼ਰੀਬਾਂ ਦੀਆਂ ਬਣਨ ਆਈਆਂ ਜੁਤੀਆਂ ਵਿਚ ਬੜਾ ਫ਼ਰਕ ਵੇਖਿਆ। ਇਸ ਫ਼ਰਕ ਨੇ ਹੀ ਉਸ ਦੀ ਸੋਚ-ਸ਼ਕਤੀ ਨੂੰ ਚੰਗੀ ਤਰ੍ਹਾਂ ਟੁੰਬਿਆ। ਸੋਚ ਅਮਲ ਵਿਚ ਬਦਲ ਗਈ ਤੇ ਸਟਾਲਿਨ ਕਈ ਮੁਸ਼ਕਲਾਂ ਵਿਚੋਂ ਲੰਘ ਕੇ ਬਾਲਸ਼ਵਿਕ ਪਾਰਟੀ ਦਾ ਸਰਗਰਮ ਰੁਕਨ ਬਣ ਗਿਆ।

ਰੂਸ ਅੰਦਰ ਇਨਕਲਾਬੀ ਲਹਿਰ ਨੂੰ ਕਾਮਯਾਬ ਕਰਨ ਵਿਚ ਲੈਨਿਨ ਦਾ ਬਹੁਤ ਸਾਰਾ ਹਿੱਸਾ ਹੈ। ਜੇ ਅਸੀ ਲੈਨਿਨ ਨੂੰ ਰੂਸੀ ਬਗ਼ਾਵਤ ਦਾ ਪਿਤਾ ਕਹੀਏ ਤਾਂ ਸਟਾਲਿਨ ਉਸਦਾ ਹੋਨਹਾਰ ਸਪੁਤ੍ਰ ਕਹਾਣ ਦਾ ਹਕ ਰਖਦਾ ਹੈ। ਲੈਨਿਨ ਨੇ ਸਿਪਾਹੀ ਬਣ ਕੇ ਜ਼ਾਰ-ਸ਼ਾਹੀ ਤਖ਼ਤ ਨੂੰ ਮਜ਼ਦੂਰਾਂ ਲਈ ਖ਼ਾਲੀ ਕਰਵਾਇਆ ਤੇ ਸਟਾਲਿਨ ਉਨ੍ਹਾਂ ਦਾ ਪ੍ਰਤੀਨਿਧ ਬਣ ਕੇ ਉਪਰ ਬੈਠਾ। ਇਸ ਗਲ ਨੂੰ ਵੇਖ ਕੇ ਕਈ ਇਹ ਕਹਿਣ ਤੋਂ ਵੀ ਸੰਕੋਚ ਨਹੀਂ ਕਰਦੇ ਕਿ 'ਸਟਾਲਿਨ ਦਾ ਨਿਸ਼ਾਨਾ ਵੀ ਹੋਰਨਾਂ ਵੱਡੇ ਆਦਮੀਆਂ ਵਾਂਗ "ਸ਼ਖ਼ਸੀ ਤਰੱਕੀ" ਹੀ ਸੀ।' ਪਰ ਅਸਲੀਅਤ ਇਹ ਨਹੀਂ। ਸਟਾਲਿਨ ਦੀ ਨਾ ਕੋਈ ਆਪਣੀ ਸ਼ਖ਼ਸੀਅਤ ਹੈ ਤੇ ਨਾਂ ਉਹ ਆਮ ਅਰਥਾਂ ਵਿਚ ਵੱਡਾ ਆਦਮੀ ਹੈ। ਉਸਦੀ ਵਡਿੱਤਨ ਉਸ ਦੇ ਕੰਮਾਂ ਤੇ ਉਸਦੇ ਆਦਰਸ਼ ਵਿਚ ਹੈ, ਜਿਸ ਦੇ ਲਈ ਬਚਪਨ ਤੋਂ ਹੀ ਉਸ ਨੇ ਆਪਣਾ ਜੀਵਨ ਸਮਰਪਨ ਕਰ ਛਡਿਆ ਹੈ ਤੇ ਜਿਸਦੀ ਕਾਮਯਾਬੀ ਵਾਸਤੇ ਉਸ ਨੇ ਸਿਰ ਧੜ ਦੀ ਬਾਜ਼ੀ

ਲਾ ਦਿਤੀ ਹੋਈ ਹੈ। ਇੰਜ ਉਹ ਦੁਨੀਆਂ ਦੇ ਵੱਡੇ ਆਦਮੀਆਂ ਵਿਚ ਮੂਹਰਲੀ ਥਾਂ ਰਖਣ ਦਾ ਹੱਕਦਾਰ ਹੈ।

ਹੁਣ ਜਦੋਂ ਸਾਰੀ ਫ਼ਾਸ਼ਿਸਟ ਮਸ਼ੀਨਰੀ ਰੂਸ ਦੇ ਤਬਾਹ ਕਰਨ ਲਈ ਪੂਰਾ ਤ੍ਰਾਣ ਲਾ ਰਹੀ ਹੈ, ਸਟਾਲਿਨ ਇਕ ਸੱਚੇ ਲੀਡਰ ਵਾਂਗ ਦੇਸ਼ ਦੀ ਵਾਗ ਨੂੰ ਸੰਭਾਲੀ ਇਟ ਦਾ ਜਵਾਬ ਪਥਰ ਵਿਚ ਦੇ ਰਿਹਾ ਹੈ। ਕਲ-ਮੁਕਲੇ ਦੋ ਸਾਲ ਨਾਜ਼ੀ ਦਰਿੰਦਿਆਂ ਨੂੰ ਰੋਕੀ ਰਖਣਾ—ਇਹ ਸਟਾਲਿਨ ਦੀ ਲੀਡਰੀ ਦਾ ਹੀ ਨਤੀਜਾ ਹੈ। ਜਿਉਂ ਜਿਉਂ ਰੂਸ ਦੀ ਜੰਗ ਲੰਮੇਰੀ ਹੁੰਦੀ ਜਾਂਦੀ ਹੈ, ਤਿਉਂ ਤਿਉਂ ਹੀ ਸਾਰੀ ਦੁਨੀਆਂ ਦੀ ਰੂਸ ਬਾਰੇ ਦਿਲਚਸਪੀ ਵਧਦੀ ਜਾ ਰਹੀ ਹੈ। ਜਿਸ ਲੀਡਰ ਦੀ ਲੀਡਰੀ ਹੇਠਾਂ ਰੂਸੀ ਸਿਪਾਹੀ ਆਪਣੇ ਵਤਨ ਦੇ ਪ੍ਰਵਾਨੇ ਬਣ ਕੇ ਸ਼ਹੀਦ ਹੋ ਰਹੇ ਹਨ, ਉਸ ਦੀ ਜੀਵਨ-ਕਹਾਣੀ ਪੜ੍ਹਨ ਲਈ ਸ਼ੌਕ ਵਧ ਰਿਹਾ ਹੈ। ਖ਼ੁਸ਼ਵੰਤ ਸਿੰਘ ਜੀ(ਬੈਰਿਸਟਰ) ਨੇ ਇਕ ਨਿੱਕਾ ਜਿਹਾ ਟ੍ਰੈਕਟ ਸਟਾਲਿਨ ਦੇ ਜੀਵਨ ਤੇ ਅੰਗਰੇਜ਼ੀ ਵਿਚ ਲਿਖਿਆ ਹੈ ਜਿਹੜਾ ਕਿ 'ਫ਼ਰੈਂਡਜ਼ ਆਵ ਦੀ ਸਾਵੀਅਟ ਯੂਨੀਅਨ' ਵਲੋਂ ਪ੍ਰਕਾਸ਼ਤ ਹੋ ਚੁਕਾ ਹੈ। ਅਸੀ ਇਸ ਦੇ ਅਨੁਵਾਦ ਲਈ ਖ਼ੁਸ਼ਵੰਤ ਸਿੰਘ ਜੀ ਪਾਸੋਂ ਆਗਿਆ ਮੰਗੀ ਤੇ ਉਨ੍ਹਾਂ ਨੇ ਬੜੀ ਉਦਾਰਤਾ ਨਾਲ ਸਾਡੀ ਬੇਨਤੀ ਪ੍ਰਵਾਨ ਕਰ ਲਈ। ਪਰ ਸਾਡਾ ਇਹ ਕੰਮ ਅਧੂਰਾ ਹੀ ਰਹਿੰਦਾ ਜੇ ਪ੍ਰੋ: ਮੋਹਨ ਸਿੰਘ ਜੀ ਇਸ ਸਮੇਂ ਸਾਡੀ ਮਦਦ ਨਾ ਕਰਦੇ। ਉਨ੍ਹਾਂ ਨੇ ਆਪਣੇ ਕੀਮਤੀ ਸਮੇਂ ਵਿਚੋਂ ਵੇਲੇ ਕੁਵੇਲੇ ਵਕਤ ਕਢ ਕੇ ਸਾਨੂੰ ਉਸ ਪੈਂਫ਼ਿਲਟ ਦਾ ਉਲਥਾ ਕਰ ਦਿੱਤਾ ਤੇ ਅਜ ਅਸੀ ਇਸਨੂੰ ਪੰਜਾਬੀ ਪਾਠਕਾਂ ਦੇ ਪੇਸ਼ ਕਰ ਰਹੇ ਹਾਂ।

ਇਸ ਤੋਂ ਪਹਿਲੋਂ ਅਸੀ ਦੋ ਰਾਜਸੀ ਕਿਤਾਬਾਂ—ਸੋਸ਼ਲਿਜ਼ਮ ਕੀ ਹੈ? ਤੇ ਫ਼ਾਸ਼ਿਜ਼ਮ ਕੀ ਹੈ?—ਪ੍ਰਕਾਸ਼ਤ ਕਰ ਚੁਕੇ ਹਾਂ ਤੇ ਇਸ ਤੋਂ ਪਿਛੋਂ ਜਲਦੀ ਹੀ 'ਲੈਨਿਨ ਦਾ ਜੀਵਨ' ਛਪ ਜਾਵੇਗਾ। ਅਸੀ ਆਸ ਕਰਦੇ ਹਾਂ ਕਿ ਪਾਠਕ ਸਾਡੀ ਇਸ 'ਨਵਾਂ ਯੁਗ ਲੜੀ' ਨੂੰ ਪਸੰਦ ਕਰਨਗੇ ਤੇ ਅਪਨਾਉਣਗੇ।

ਮੈਕਲੋਡ ਰਡ, ਲਾਹੌਰ
੯ ਅਕਤੂਬਰ, ੧੯੪੨

# ਪਹਿਲੀ ਪਹੁਲ

ਰੋਟੀ ਦੀ ਜੱਦੋਜਿਹਦ ਸੋਸ਼ਲਿਜ਼ਮ ਦੀ ਜੱਦੋਜਿਹਦ ਹੈ।

—ਲੈਨਿਨ

ਕੋਹ ਕਾਫ਼ ਦੇ ਬਰਫ਼-ਢਲੇ ਪਹਾੜਾਂ ਦੀ ਗੋਦ ਵਿਚ ਇਕ ਵੱਡੀ ਸਾਰੀ ਵਾਦੀ ਹੈ, ਜਿਸਨੂੰ 'ਕੁਰ' ਦਰਿਆ ਸਿੰਜਦਾ ਹੈ। ਇਹ ਦਰਿਆ ਕਾਲੇ ਸਾਗਰ (Black sea) ਦੇ ਲਾਗਲੇ ਪਹਾੜਾਂ ਵਿਚੋਂ ਨਿਕੀ ਜਹੀ ਨਦੀ ਦੀ ਸ਼ਕਲ ਵਿਚ ਨਿਕਲਕੇ ਵਧਦਾ ਵਧਦਾ ਕੈਸਪੀਅਨ ਸਾਗਰ ਵਿਚ ਜਾ ਡਿਗਦਾ ਹੈ। ਇਸਦੇ ਨਿਕਾਸ ਦੇ ਨੇੜਲੇ ਹਿਸੇ ਨੂੰ 'ਮੋਤੀਆਂ ਦੀ ਨਦੀ' ਕਰ ਕੇ ਸਦਦੇ ਹਨ, ਕਿਉਂਕਿ ਉਥੇ ਇਸਦਾ ਪਾਣੀ ਮੋਤੀਆਂ ਦੀ ਨਦੀ ਵਾਂਗ ਨਿਰਮਲ ਹੈ। ਨਾਲੇ ਮੱਛੀ ਵੀ ਬਹੁਤ ਹੁੰਦੀ ਹੈ। ਇਸ ਮੋਤੀਆਂ ਦੀ ਨਦੀ ਦੇ ਖੱਬੇ ਕੰਢੇ ਉਤੇ ਇਕ ਪਹਾੜੀ ਹੈ ਜੋ ਉਚੇ ਪਹਾੜਾਂ ਨਾਲ ਘਿਰੀ ਹੋਈ ਵਾਦੀ ਦੇ ਵਿਚਾਲੇ ਇਕ ਨੱਗ ਵਾਂਗ ਹੈ। ਇਸ ਦੀ ਚੋਟੀ ਤੇ ਇਕ ਪੁਰਾਣੇ ਕਿਲ੍ਹੇ ਦੇ ਖੋਲੇ ਹਨ ਅਤੇ ਇਸਦੇ ਪੈਰਾਂ ਵਿਚ ਗੋਰੀ ਪਿੰਡ ਹੈ ਜਿੱਥੇ ਸਟਾਲਨ ਨੇ ਜਨਮ ਲਿਆ।

ਇਹ ਸਰਸਬਜ਼ ਵਾਦੀ ਸਦੀਆਂ ਤੋਂ ਉਥੋਂ ਦੇ ਵਸਨੀਕਾਂ ਨੂੰ ਖ਼ਾਸ ਖ਼ੁਰਾਕ ਦੇਂਦੀ ਰਹੀ ਅਤੇ ਲੋਕੀ ਇਤਨਾ ਸ਼ਾਂਤ ਤੇ ਸੰਤੁਸ਼ਟ ਜੀਵਨ ਬਤੀਤ ਕਰਦੇ ਰਹੇ ਕਿ ਉਨ੍ਹਾਂ ਨੂੰ ਕਦੀ ਪਹਾੜਾਂ ਦੀ ਬਿਖੜੀ ਸੰਗਲੀ ਨੂੰ ਟਪ ਕੇ ਚੁੜੇਰੀ ਦੁਨੀਆ ਨਾਲ ਮੇਲ ਜੋਲ ਪੈਦਾ ਕਰਨ ਦਾ ਖ਼ਿਆਲ ਤਕ ਨਹੀਂ ਆਇਆ।

ਪਰ ਇਹ ਪਹਾੜ ਇਤਨੇ ਉਚੇ ਤੇ ਅਪਹੁੰਚ ਨਹੀਂ ਸਨ ਕਿ ਇਹ ਆਪਣੀਆਂ ਸਰਸਬਜ਼ ਵਾਦੀਆਂ ਨੂੰ ਲਾਲਚੀ ਹਮਲਾਆਵਰਾਂ ਤੋਂ ਲੁਕਾ ਕੇ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.